Employment Development Department
State of California

# ਬਰਾਬਰ ਮੌਕਾ ਹੀ ਕਨੂੰਨ ਹੈ

ਸੰਘੀ ਵਿੱਤੀ ਸਹਾਇਤਾ ਦੇ ਇਸ ਪ੍ਰਾਪਤਕਰਤਾ ਲਈ ਇਨ੍ਹਾਂ ਅਧਾਰਾਂ ’ਤੇ ਵਿਤਕਰਾ ਕਰਨਾ ਕਨੂੰਨ ਦੇ ਖ਼ਿਲਾਫ਼ ਹੈ: ਯੂਨਾਇਟਿਡ ਸਟੇਟਸ ਵਿੱਚ ਕਿਸੇ ਵੀ ਵਿਅਕਤੀ ਦੇ ਵਿਰੁੱਧ, ਨਸਲ, ਰੰਗ, ਧਰਮ, ਲਿੰਗ (ਜਿਸ ਵਿੱਚ ਗਰਭ ਅਵਸਥਾ, ਬੱਚੇ ਦਾ ਜਨਮ, ਸੰਬੰਧਿਤ ਮੈਡੀਕਲ ਸਥਿਤੀਆਂ, ਸੈਕਸ ਸਟੀਰੀਓਟਾਈਪਿੰਗ, ਟ੍ਰਾਂਸਜੈਂਡਰ ਸਥਿਤੀ, ਅਤੇ ਜਿਨਸੀ ਪਛਾਣ ਸ਼ਾਮਲ ਹਨ), ਰਾਸ਼ਟਰੀ ਮੂਲ (ਅੰਗਰੇਜ਼ੀ ਵਿੱਚ ਸੀਮਿਤ ਮੁਹਾਰਤ ਸਮੇਤ), ਉਮਰ, ਵਿਕਲਾਂਗਤਾ, ਜਾਂ ਰਾਜਨੀਤਿਕ ਮਾਨਤਾ ਜਾਂ ਵਿਸ਼ਵਾਸ ਦੇ ਅਧਾਰ ’ਤੇ, ਜਾਂ, Workforce Innovation and Opportunity Act (WIOA) ਦੇ ਟਾਈਟਲ I ਦੇ ਤਹਿਤ ਵਿੱਤੀ ਸਹਾਇਤਾ ਪ੍ਰਾਪਤ ਪ੍ਰੋਗਰਾਮਾਂ ਦੇ ਕਿਸੇ ਲਾਭਪਾਤਰੀ, ਬਿਨੈਕਾਰ, ਜਾਂ ਭਾਗੀਦਾਰ ਦੇ ਵਿਰੁੱਧ, ਉਸ ਵਿਅਕਤੀ ਦੀ ਨਾਗਰਿਕਤਾ ਦੀ ਸਥਿਤੀ ਜਾਂ ਕਿਸੇ ਵੀ WIOA ਟਾਈਟਲ I - ਵਿੱਤੀ ਸਹਾਇਤਾ ਪ੍ਰਾਪਤ ਪ੍ਰੋਗਰਾਮ ਜਾਂ ਗਤੀਵਿਧੀ ਵਿੱਚ ਹਿੱਸਾ ਲੈਣ ਦੇ ਅਧਾਰ ’ਤੇ।

ਸੰਘੀ ਸਹਾਇਤਾ ਸੇਵਾਵਾਂ ਦੇ ਪ੍ਰਾਪਤਕਰਤਾਵਾਂ ਨੂੰ ਇਹ ਯਕੀਨੀ ਬਣਾਉਣ ਲਈ ਵਾਜਬ ਕਦਮ ਚੁੱਕਣੇ ਚਾਹੀਦੇ ਹਨ ਕਿ ਵਿਕਲਾਂਗ ਵਿਅਕਤੀਆਂ ਨਾਲ ਸੰਚਾਰ ਦੂਜਿਆਂ ਨਾਲ ਸੰਚਾਰ ਵਾਂਗ ਅਸਰਦਾਰ ਹਨ। ਇਸਦਾ ਮਤਲਬ ਹੈ ਕਿ, ਬੇਨਤੀ ਕਰਨ ’ਤੇ, ਅਤੇ ਵਿਅਕਤੀ ਲਈ ਕਿਸੇ ਕੀਮਤ ਤੋਂ ਬਿਨਾਂ, ਪ੍ਰਾਪਤਕਰਤਾਵਾਂ ਲਈ ਯੋਗ ਵਿਕਲਾਂਗ ਵਿਅਕਤੀਆਂ ਨੂੰ ਉਚਿਤ ਸਹਾਇਕ ਮਦਦ ਅਤੇ ਸੇਵਾਵਾਂ ਪ੍ਰਦਾਨ ਕਰਨੀਆਂ ਜ਼ਰੂਰੀ ਹਨ।

# ਜੇਕਰ ਤੁਹਾਨੂੰ ਵਿਸ਼ਵਾਸ ਹੈ ਕਿ ਤੁਸੀਂ ਵਿਤਕਰੇ ਦਾ ਅਨੁਭਵ ਕੀਤਾ ਹੈ ਤਾਂ ਕੀ ਕਰਨਾ ਚਾਹੀਦਾ ਹੈ

ਜੇਕਰ ਤੁਹਾਨੂੰ ਲੱਗਦਾ ਹੈ ਕਿ ਕਿਸੇ WIOA ਟਾਈਟਲ I - ਵਿੱਤੀ ਸਹਾਇਤਾ ਪ੍ਰਾਪਤ ਪ੍ਰੋਗਰਾਮ ਜਾਂ ਗਤੀਵਿਧੀ - ਦੇ ਤਹਿਤ ਤੁਹਾਡੇ ਨਾਲ ਵਿਤਕਰਾ ਕੀਤਾ ਗਿਆ ਹੈ, ਤਾਂ ਤੁਸੀਂ ਉਸ ਘਟਨਾ ਤੋਂ ਬਾਅਦ 180 ਦਿਨਾਂ ਦੇ ਅੰਦਰ ਪ੍ਰਾਪਤਕਰਤਾ ਦੇ ਬਰਾਬਰ ਮੌਕਾ ਅਫ਼ਸਰ ਜਾਂ ਪ੍ਰਾਪਤਕਰਤਾ ਦੁਆਰਾ ਨਾਮਜ਼ਦ ਕੀਤੇ ਵਿਅਕਤੀ ਕੋਲ ਸ਼ਿਕਾਇਤ ਦਰਜ ਕਰ ਸਕਦੇ ਹੋ। Employment Development Department ਜਾਂ Department of Labor ਦੇ Civil Rights Center ਨੂੰ ਹੇਠਾਂ ਦਿੱਤੇ ਗਏ ਪਤੇ ’ਤੇ ਡਾਕ ਰਾਹੀਂ ਸ਼ਿਕਾਇਤਾਂ ਭੇਜੀਆਂ ਜਾ ਸਕਦੀਆਂ ਹਨ:

**Equal Opportunity Officer**
**Employment Development Department (EDD)**
**PO Box 826880, MIC 83**
**Sacramento, CA 94280**

*ਜਾਂ*

**Director, Civil Rights Center (CRC), Department of Labor**
**200 Constitution Avenue NW, Room N-4123**
**Washington, DC 20210**

ਸ਼ਿਕਾਇਤਾਂ ਈਮੇਲ ਰਾਹੀਂ ਇੱਥੇ ਵੀ ਸਬਮਿਟ ਕੀਤੀਆਂ ਜਾ ਸਕਦੀਆਂ ਹਨ **EEOmail** (EEOmail@edd.ca.gov), ਜਾਂ ਇੱਥੇ ਭੇਜੀਆਂ ਜਾ ਸਕਦੀਆਂ ਹਨ Department of Labor, **Civil Rights Center** (dol.gov/crc).

ਜੇਕਰ ਤੁਸੀਂ ਪ੍ਰਾਪਤਕਰਤਾ ਕੋਲ ਆਪਣੀ ਸ਼ਿਕਾਇਤ ਦਰਜ ਕੀਤੀ ਸੀ, ਤਾਂ CRC (ਉੱਪਰ ਦਿੱਤਾ ਗਿਆ ਪਤਾ ਦੇਖੋ) ਕੋਲ ਸ਼ਿਕਾਇਤ ਦਰਜ ਕਰਨ ਤੋਂ ਪਹਿਲਾਂ ਤੁਹਾਨੂੰ ਓਦੋਂ ਤੱਕ ਉਡੀਕ ਕਰਨੀ ਪਵੇਗੀ ਜਦੋਂ ਤੱਕ ਪ੍ਰਾਪਤਕਰਤਾ ਇੱਕ ਲਿਖਤੀ *ਅੰਤਿਮ ਕਾਰਵਾਈ ਦਾ ਨੋਟਿਸ* ਜਾਰੀ ਨਹੀਂ ਕਰਦਾ, ਜਾਂ 90 ਦਿਨ ਨਾ ਲੰਘ ਗਏ ਹੋਣ ਜਾਂ ਜੋ ਵੀ ਜਲਦੀ ਹੋਵੇ।

ਜੇਕਰ ਤੁਹਾਡੇ ਦੁਆਰਾ ਆਪਣੀ ਸ਼ਿਕਾਇਤ ਦਰਜ ਕਰਨ ਦੇ ਦਿਨ ਤੋਂ ਬਾਅਦ 90 ਦਿਨਾਂ ਦੇ ਅੰਦਰ ਪ੍ਰਾਪਤਕਰਤਾ ਤੁਹਾਨੂੰ ਇੱਕ ਲਿਖਤੀ *ਅੰਤਿਮ ਕਾਰਵਾਈ ਦਾ ਨੋਟਿਸ* ਨਹੀਂ ਦਿੰਦਾ, ਤਾਂ CRC ਕੋਲ ਸ਼ਿਕਾਇਤ ਦਰਜ ਕਰਨ ਤੋਂ ਪਹਿਲਾਂ ਤੁਹਾਨੂੰ ਉਸ ਨੋਟਿਸ ਨੂੰ ਜਾਰੀ ਕਰਨ ਲਈ ਪ੍ਰਾਪਤਕਰਤਾ ਦੀ ਉਡੀਕ ਕਰਨ ਦੀ ਲੋੜ ਨਹੀਂ ਹੈ। ਹਾਲਾਂਕਿ, ਤੁਹਾਨੂੰ 90-ਦਿਨ ਦੀ ਸਮੇਂ-ਸੀਮਾਂ ਦੇ 30 ਦਿਨਾਂ ਦੇ ਅੰਦਰ (ਹੋਰ ਸ਼ਬਦਾਂ ਵਿੱਚ, ਪ੍ਰਾਪਤਕਰਤਾ ਕੋਲ ਆਪਣੀ ਸ਼ਿਕਾਇਤ ਦਰਜ ਕਰਨ ਦੇ ਦਿਨ ਤੋਂ ਬਾਅਦ 120 ਦਿਨਾਂ ਦੇ ਅੰਦਰ) CRC ਕੋਲ ਆਪਣੀ ਸ਼ਿਕਾਇਤ ਦਰਜ ਕਰਨੀ ਪਵੇਗੀ।

ਜੇਕਰ ਪ੍ਰਾਪਤਕਰਤਾ ਤੁਹਾਡੀ ਸ਼ਿਕਾਇਤ ’ਤੇ ਤੁਹਾਨੂੰ ਇੱਕ ਲਿਖਤੀ *ਅੰਤਿਮ ਕਾਰਵਾਈ ਦਾ ਨੋਟਿਸ* ਨਹੀਂ ਦਿੰਦਾ, ਪਰ ਤੁਸੀਂ ਫ਼ੈਸਲੇ ਜਾਂ ਹੱਲ ਤੋਂ ਅਸੰਤੁਸ਼ਟ ਹੋ, ਤਾਂ ਤੁਸੀਂ CRC ਕੋਲ ਸ਼ਿਕਾਇਤ ਦਰਜ ਕਰ ਸਕਦੇ ਹੋ। ਤੁਹਾਨੂੰ ਅੰਤਿਮ ਕਾਰਵਾਈ ਦਾ ਨੋਟਿਸ ਪ੍ਰਾਪਤ ਹੋਣ ਦੀ ਤਾਰੀਖ਼ ਤੋਂ ਬਾਅਦ 30 ਦਿਨਾਂ ਦੇ ਅੰਦਰ CRC ਕੋਲ ਆਪਣੀ ਸ਼ਿਕਾਇਤ ਦਰਜ ਕਰਨੀ ਪਵੇਗੀ।

EDD ਇੱਕ ਬਰਾਬਰ ਮੌਕਾ ਮਾਲਕ/ਪ੍ਰੋਗਰਾਮ ਹੈ। ਵਿਕਲਾਂਗ ਵਿਅਕਤੀਆਂ ਦੀ ਬੇਨਤੀ 'ਤੇ ਸਹਾਇਕ ਸਹਾਇਤਾ ਅਤੇ ਸੇਵਾਵਾਂ ਉਪਲਬਧ ਹਨ। 1-866-490-8879 (ਵੌਇਸ) 'ਤੇ ਫ਼ੋਨ ਕਰ ਕੇ ਸੇਵਾਵਾਂ, ਸਹਾਇਤਾਵਾਂ, ਅਤੇ/ਜਾਂ ਵਿਕਪਲਕ ਸਰੂਪਾਂ ਲਈ ਬੇਨਤੀਆਂ ਕਰਨ ਦੀ ਲੋੜ ਹੈ। TTY ਵਰਤੋਂਕਾਰ, ਕਿਰਪਾ ਕਰਕੇ 711 'ਤੇ California Relay Service ਨੂੰ ਫ਼ੋਨ ਕਰੋ।